# ਸ਼ੇਰ ਅਤੇ ਲੱਕੜਹਾਰਾ

ਇੱਕ ਵਾਰੀ ਸ਼ੇਰ ਆਪਣੀ ਮਾਂ ਸ਼ੇਰਨੀ ਨੂੰ ਕਹਿੰਦਾ ਕਿ ਤੂੰ ਇਹ ਦੱਸ ਕਿ ਮੇਰੇ ਨਾਲੋ ਕੋਈ ਤਾਕਤਵਰ ਹੈ ਇਸ ਦੁਨੀਆ ਤੇ । ਸ਼ੇਰ ਦੀ ਮਾਂ ਕਹਿੰਦੀ ਪੁਤ ਤੂੰ ਸੱਭ ਤੋ ਬਲਵਾਨ ਤਾ ਹੈ, ਪਰ ਫਿਰ ਵੀ ਤੂੰ ਸਾਢੇ-ਤਿੰਨ-ਹੱਥੇ ਤੋ ਡਰੀ । ਸ਼ੇਰ ਸਾਢੇ-ਤਿੰਨ-ਹੱਥੇ ਦੀ ਭਾਲ ਵਿੱਚ ਨਿਕਲ ਪਿਆ । ਰਾਸਤੇ ਵਿੱਚ ਉਸਨੂੰ ਇਕ ਲੱਕੜਹਾਰਾ ਮਿਲਿਆ । ਹਰ ਇਕ ਆਦਮੀ ਦੀ ਉਚਾਈ ਉਸਦੇ ਆਪਣੇ ਸਾਢੇ-ਤਿੰਨ-ਹੱਥ ਹੁੰਦੀ ਹੈ । ਸ਼ੇਰ ਨੇ ਉਸ ਲੱਕੜਹਾਰੇ ਨੂੰ ਪੁਛਿਆ ਕਿ ਤੈਨੂੰ ਸਾਢੇ-ਤਿੰਨ-ਹੱਥਾ ਕਹਿਦੇ ਨੇ । ਲੱਕੜਹਾਰਾ ਕਹਿੰਦਾ ਹਾ ਮੈਨੂੰ ਹੀ ਸਾਢੇ-ਤਿੰਨ-ਹੱਥਾ ਕਹਿਦੇ ਨੇ । ਸ਼ੇਰ ਬਹੁਤ ਖੁਸ ਹੋਇਆ । ਸ਼ੇਰ ਨੇ ਸੋਚਿਆ ਕਿ ਇਸ ਲੱਕੜਹਾਰੇ ਨੂੰ ਮੈ ਆਪਣੀ ਮਾਂ ਕੋਲ ਲਜਾਕੇ ਹੀ ਖਾਵਾਗਾ । ਸ਼ੇਰ ਕਹਿੰਦਾ ਕਿ ਤੂੰ ਮੇਰੀ ਮਾਂ ਕੋਲ ਚੱਲ । ਉਹ ਕਹਿੰਦੀ ਸੀ ਕਿ ਮੈ ਤੇਰੇ ਕੋਲੋ ਡਰਕੇ ਰਹਾ । ਮੈ ਤੈਨੂੰ ਉਸ ਦੇ ਅੱਗੇ ਲਜਾ ਕੇ ਖਾਊ । ਲੱਕੜਹਾਰਾ ਸੰਮਜ ਗਿਆ ਕਿ ਮਾਮਲਾ ਗੜਬੜ ਹੈ । ਲੱਕੜਹਾਰਾ ਸ਼ੇਰ ਨੂੰ ਕਹਿੰਦਾ ਕਿ ਤੇਰੀ ਮਾਂ ਮੇਰੀ ਨਾਨੀ ਲੱਗਦੀਆ । ਜੇ ਮੈ ਉਸ ਕੋਲ ਜਾਵਾਗਾ ਤਾਂ ਮੈ ਉਸ ਲਈ ਇਕ ਹਾਰ ਬਣਾਕੇ ਲੈ ਕੇ ਜਾਵਾਗਾ । ਸ਼ੇਰ ਕਹਿੰਦਾ ਅੱਛਾ ਤੂੰ ਇਕ ਹਾਰ ਮੇਰੀ ਮਾਂ ਲਈ ਬਣਾਲੈ । ਲੱਕੜਹਾਰਾ ਕਹਿੰਦਾ ਕਿ ਮੈ ਆਪਣੀ ਨਾਨੀ ਨੂੰ ਦੇਖਿਆਂ ਬਹੁਤ ਚਿਰ ਹੋ ਗਿਆ, ਇਸ ਲਈ ਮੈਨੂੰ ਉਸ ਦੇ ਗਲ ਦਾ ਮੇਚਾ ਭੁਲ ਗਿਆ । ਸ਼ੇਰ ਕਹਿੰਦਾ ਮੇਰੀ ਮਾਂ ਦਾ ਗਲ ਮੇਰੇ ਗਲ ਜਿੰਨਾ ਹੈ । ਲੱਕੜਹਾਰਾ ਸੁਣਕੇ ਖੁਸ ਹੋਇਆ । ਉਸ ਨੇ ਇਕ ਵੱਡਾ ਸਾਰਾ ਦਰੱਖਤ ਲੱਭਿਆ । ਦਰੱਖਤ ਵਿੱਚ ਉਸਨੇ ਸ਼ੇਰ ਦੇ ਗਲ ਦੇ ਸਾਈਜ ਦਾ ਇਕ ਸੱਲ (ਗਲੀ) ਕੱਡ ਲਿਆ । ਨਾਲ-ਨਾਲ ਉਸ ਲੱਕੜਹਾਰੇ ਨੇ ਇਕ ਲੱਕੜ ਦਾ ਫਾਨਾ ਵੀ ਘੱੜ ਲਿਆ । ਸ਼ੇਰ ਨੂੰ ਲੱਕੜਹਾਰਾ ਕਹਿੰਦਾ ਕਿ ਤੂੰ ਇਸ ਗਲੀ ਵਿੱਚ ਸਿਰ ਪਾਕੇ ਦੇਖ । ਜੇ ਇਹ ਗਲੀ ਤੇਰੇ ਮੇਚ ਆ ਗਈ, ਫਿਰ ਮੈ ਆਲੇ-ਦੁਆਲੇ ਤੋ ਦਰੱਖਤ ਕੱਟਕੇ ਤੇਰੀ ਮਾਂ ਦਾ ਹਾਰ ਤਿਆਰ ਕਰ ਦਿਆਗਾ ਅਤੇ ਫਿਰ ਆਪਾ ਤੇਰੇ ਘਰ ਚੱਲਾਗੇ । ਜਿਉਹੀ ਸ਼ੇਰ ਨੇ ਆਪਣਾ ਗਲ ਉਸ ਗਲੀ ਵਿੱਚ ਪਾਇਆ, ਲੱਕੜਹਾਰੇ ਨੇ ਸਾਈਡ ਤੋ ਦੀ ਫਾਨਾ ਠੋਕ ਦਿਤਾ ।ਸ਼ੇਰ ਨੇ ਰੌਲਾ ਪਾਇਆ ਕਿ ਇਹ ਹਾਰ ਫਾਨੇ ਨਾਲ ਟਾਈਟ ਹੋ ਗਿਆ।

ਮੇਰਾ ਗਲ ਘੁਟਣ ਲੱਗਿਆ। ਲੱਕੜਹਾਰੇ ਨੇ ਦੋ ਸੱਟਾ ਫਾਨੇ ਤੇ ਹੋਰ ਮਾਰ ਦਿਤੀਆ ਅਤੇ ਬਿਲਕੁਲ ਟਾਈਟ ਕਰ ਦਿਤਾ। ਲੱਕੜਹਾਰਾ ਸ਼ੇਰ ਨੂੰ ਕਹਿੰਦਾ ਕਿ ਤੇਰੀ ਮਾਂ ਠੀਕ ਕਹਿਦੀ ਸੀ । ਉਹ ਲੱਕੜਾ ਕੱਟ ਕੇ ਘਰ ਨੂੰ ਚਲਾ ਗਿਆ। ਸ਼ੇਰ ਵਿਚਾਰਾ ਉਸ ਦਰੂਖਤ ਨਾਲ ਹੀ ਬੰਨਿਆ ਗਿਆ ਅਤੇ ਉਥੇ ਹੀ ਸੁਕ ਗਿਆ।

ਸਿਟਾ: ਜੋ ਹੰਕਾਰਰਿਆ ਸੋ ਮਾਰਿਆ ।

ਲੋਰੀ: ਪੁਤਰਾ ਉੱਹ ਪੁਤਰਾ - ਜਿਆਦਾ ਰਿਹਾੜ ਨਹੀ ਕਰੀਦੀ ।
ਟਾਈਮ ਨਾਲ ਸੌ ਜਾਈਦਾ - ਦੂਜਿਆ ਦੀ ਨੀਦ ਖਰਾਬ ਨਹੀ ਕਰੀਦੀ ।

Archived at: www.geocities.com/new_punjabi_songs
Written by: Dr. Sarjinder Singh, Assistant Professor, St. Cloud State University, St. Cloud, MN, USA
Note: All opinions are of author's own.

August 10, 2007